**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

**ਹੁਕਮ**

1.0 ਸ੍ਰੀ ਸਤਬੀਰ ਸਿੰਘ, ਹਿੰਦੀ ਮਾਸਟਰ, ਸਰਕਾਰੀ ਹਾਈ ਸਕੂਲ, ਹੀਰਕੇ (ਮਾਨਸਾ) ਵੱਲੋਂ ਪ੍ਰਤੀਬੇਨਤੀ ਪ੍ਰਾਪਤ ਹੋਈ ਹੈ ਕਿ ਉਸਦੀ ਪਤਨੀ ਦੀ ਨਿਯੁਕਤੀ 3704 ਬਾਰਡਰ ਏਰੀਆ ਦੀਆਂ ਅਸਾਮੀਆਂ ਵਿੱਚ ਸ਼ਹੀਦ ਨਾਇਬ ਸੂਬੇਦਾਰ ਪਰਮਜੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਵੇਈਂ ਪੂਈਂ (ਤਰਨਤਾਰਨ) ਵਿਖੇ ਬਤੌਰ ਅੰਗਰੇਜੀ ਮਿਸਟ੍ਰੈੱਸ ਹੋਈ ਹੈ। ਉਸ ਵੱਲੋਂ ਆਪਣੀਆਂ ਘਰੇਲੂ ਮਜਬੂਰੀਆਂ ਦੱਸਦੇ ਹੋਏ ਲਿਖਿਆ ਗਿਆ ਹੈ ਕਿ ਉਸਦੀ ਆਰਜ਼ੀ ਡਿਊਟੀ ਜਿਲ੍ਹਾ ਤਰਨਤਾਰਨ ਵਿਖੇ ਲਗਾਈ ਜਾਵੇ।

2.0 ਕਿਉਂਕਿ ਬਾਰਡਰ ਜਿਲ੍ਹਾ ਹੋਣ ਕਾਰਨ ਤਰਨਤਾਰਨ ਵਿੱਚ ਅਧਿਆਪਕਾਂ ਦੀ ਪਹਿਲਾਂ ਹੀ ਘਾਟ ਹੈ ਅਤੇ ਵਿਭਾਗੀ ਪਾਲਿਸੀ ਅਨੁਸਾਰ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਅਧਿਆਪਕਾਂ ਨੂੰ ਸਰਹੱਦੀ ਖੇਤਰ ਵਿੱਚ ਤਾਇਨਾਤੀ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਲਈ ਸ੍ਰੀ ਸਤਬੀਰ ਸਿੰਘ, ਹਿੰਦੀ ਮਾਸਟਰ, ਸਰਕਾਰੀ ਹਾਈ ਸਕੂਲ, ਹੀਰਕੇ (ਮਾਨਸਾ) ਦੀ ਆਰਜ਼ੀ ਡਿਊਟੀ ਅਗਲੇ ਹੁਕਮਾਂ ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬ੍ਰਹਮਪੁਰ (ਤਰਨਤਾਰਨ) ਵਿਖੇ ਲਗਾਈ ਜਾਂਦੀ ਹੈ।

3.0 ਇਹ ਹੁਕਮ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੇ।

**ਸਕੱਤਰ ਸਕੂਲ ਸਿੱਖਿਆ**

ਪਿੱਠ ਅੰਕਣ ਨੰ: DYSPD(PEDB)/2021/200855 ਮਿਤੀ: 25/6/2021

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ.), ਪੰਜਾਬ।
2. ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਮਾਨਸਾ/ਤਰਨਤਾਰਨ।
3. ਸਬੰਧਤ ਸਕੂਲਾਂ ਦੇ ਮੁਖੀ।
4. ਸ੍ਰੀ ਸਤਬੀਰ ਸਿੰਘ, ਹਿੰਦੀ ਮਾਸਟਰ, ਸਰਕਾਰੀ ਹਾਈ ਸਕੂਲ, ਹੀਰਕੇ (ਮਾਨਸਾ)।

**ਸਕੱਤਰ ਸਕੂਲ ਸਿੱਖਿਆ**